ਬੱਚਿਆਂ ਲਈ ਬਾਈਬਲ

ਉੱਪਸਥਿਤ



# ਚੰਗੇ ਰਾਜੇ, ਬੁਰੇ ਰਾਜੇ

ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Lazarus

ਦੁਆਰਾ ਬਦਲਿਆ ਗਿਆ : Ruth Klassen

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2014 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਇਹ ਮਨੱਸ਼ਹ ਦੇ ਲਈ ਦੁੱਖ ਦਾ
ਦਿਨ ਸੀ। ਉਸਦਾ ਪਿਤਾ,
ਬਾਦਸ਼ਾਹ ਹਿਜ਼ਕੀਆਹ ਹੁਣੇ ਹੀ
ਮਰਿਆ ਸੀ। ਹੁਣ, ਸਿਰਫ਼ ਬਾਰਾਂ
ਸਾਲਾਂ ਦਾ ਮਨੱਸ਼ਹ ਪਰਮੇਸ਼ਵਰ ਦੇ
ਲੋਕਾਂ ਦੇ ਉੱਪਰ ਯਹੂਦਾ ਵਿੱਚ
ਨਵਾਂ ਬਾਦਸ਼ਾਹ ਸੀ। ਉਹ ਤਦ
ਕੁਝ ਨਹੀ ਜਾਣਦਾ ਸੀ, ਪਰ
ਮਨੱਸ਼ਹ ਪਚਵੱਜਾਂ ਸਾਲ ਲਈ
ਬਾਦਸ਼ਾਹ ਹੋਵੇਗਾ। ਮਨੱਸ਼ਹ ਨੂੰ
ਚੰਗਾ ਬਾਦਸ਼ਾਹ ਬਨਣ ਲਈ
ਪਰਮੇਸ਼ਵਰ ਦੀ ਲੋੜ੍ਹ ਸੀ।



ਪਰ ਮਨੱਸ਼ਹ ਨੇ ਪਰਮੇਸ਼ਵਰ ਦੀ ਬੇਕਦਰੀ ਕੀਤੀ ਅਤੇ ਬੁਰੇ ਕੰਮ ਕੀਤੇ। ਮਨੱਸ਼ਹ ਨੇ ਬੁੱਤ ਪੂਜਾ ਲਈ ਦੁਬਾਰਾ ਵੇਦੀਆਂ ਬਣਾਈਆਂ। ਇੱਥੋਂ ਤੱਕ ਉਸਨੇ ਤਰਾਸ਼ ਕੇ ਇੱਕ ਮੂਰਤ ਬਣਾਈ ਅਤੇ ਪਰਮੇਸ਼ਵਰ ਦੇ ਪਵਿੱਤਰ ਮੰਦਰ ਵਿੱਚ ਰੱਖ ਦਿੱਤੀ! ਪਰਮੇਸ਼ਵਰ ਨੇ ਮੂਸਾ ਦੇ ਦੁਆਰਾ ਕਿਹਾ ਸੀ, "ਤੂੰ ਕੋਈ ਮੂਰਤ ਤਰਾਸ਼ ਕੇ ਨਾ ਬਣਾਵੀਂ। ਤੁਸੀ ਨਾ ਉਹਨਾਂ ਦੇ ਸਾਹਮਣੇ ਝੁਕਣਾ ਅਤੇ ਨਾ ਉਹਨਾਂ ਦੀ ਸੇਵਾ ਕਰਨਾ।"



ਮਨੱਸ਼ਹ ਜਾਦੂ ਅਤੇ ਟੂਣੇ ਦਾ ਅਭਿਆਸ ਕਰਦਾ ਸੀ। ਉਹ ਲੋਕਾਂ ਨੂੰ ਪਰਮੇਸ਼ਵਰ ਤੋਂ ਦੂਰ ਲੈ ਗਿਆ। ਬਾਦਸ਼ਾਹ ਨੇ ਆਪਣਾ ਪੁੱਤਰ ਵੀ ਬੁੱਤਾਂ ਦੇ ਲਈ ਹੋਮ ਦੀ ਬਲੀ ਚੜ੍ਹਾ ਦਿੱਤੇ। ਮਨੱਸ਼ਹ ਦੀ ਅਣਆਗਿਆਕਾਰੀ ਨੇ ਪਰਮੇਸ਼ਵਰ ਨੂੰ ਬਹੁਤ ਗੁੱਸਾ ਦਵਾਇਆ।



ਜਦ ਉਸਦੇ ਲੋਕਾਂ ਨੇ ਆਗਿਆ ਨਾ ਮੰਨੀ, ਤਾਂ ਪਰਮੇਸ਼ਵਰ ਨੇ ਉਹਨਾਂ ਨੂੰ ਸਜਾ ਦਿੱਤੀ। ਇਹੋ ਹੀ ਮਨੱਸ਼ਹ ਅਤੇ ਜਿਹਨਾਂ ਲੋਕਾਂ ਉੱਤੇ ਉਹ ਰਾਜ ਕਰਦਾ ਸੀ ਉਹਨਾਂ ਨਾਲ ਹੋਇਆ। ਪਰਮੇਸ਼ਵਰ ਅਸੀਰੀਆ ਦੀ ਸੈਨਾ ਨੂੰ ਉਹਨਾਂ ਉੱਤੇ ਲਿਆਇਆ। ਮਨੱਸ਼ਹ ਜ਼ਜ਼ੀਰਾਂ ਦੇ ਵਿੱਚ ਬੇਬੀਲੋਨ ਨੂੰ ਲਿਆਂਦਾ ਗਿਆ।





ਬੇਬੀਲੋਨ ਵਿੱਚ ਦੁੱਖ ਝੱਲਦਿਆਂ,
ਮਨੱਸ਼ਹ ਨੇ ਆਪਣੇ ਪਰਮੇਸ਼ਵਰ
ਯਹੋਵਾ ਦੇ ਅੱਗੇ ਬੇਨਤੀ ਕੀਤੀ।
ਉਸਨੇ ਆਪਣੇ ਆਪ ਨੂੰ ਆਪਣੇ
ਪਿੱਤਰਾਂ ਦੇ ਪਰਮੇਸ਼ਵਰ ਦੇ ਅੱਗੇ ਬਹੁਤ
ਨੀਵਾਂ ਕੀਤਾ, ਅਤੇ ਉਸਨੂੰ ਪ੍ਰਾਥਨਾਂ
ਕੀਤੀ। ਅੱਗੇ ਤੋਂ ਉਹ ਮਰੀਆਂ
ਹੋਈਆਂ ਮੂਰਤਾਂ ਦੇ ਸਾਹਮਣੇ ਪ੍ਰਾਥਨਾ
ਨਹੀ ਕਰੇਗਾ! ਪਰ, ਕੀ ਜਿੰਦਾ
ਪਰਮੇਸ਼ਵਰ ਮਨੱਸ਼ਹ ਨੂੰ ਉਸਦੀ ਸਾਰੀ
ਦੁਸ਼ਟਤਾ ਦੇ ਬਾਅਦ ਉੱਤਰ ਦੇਵੇਗਾ?

ਜੀ ਹਾਂ! ਪਰਮੇਸ਼ਵਰ ਨੇ ਬਾਦਸ਼ਾਹ ਦੀ ਪ੍ਰਾਥਨਾਂ ਨੂੰ ਸੁਣਿਆ ਅਤੇ ਉਸਨੂੰ ਵਾਪਸ ਯਰੂਸ਼ਲਮ ਵਿੱਚ, ਪਿੱਛੇ ਆਪਣੀ ਗੱਦੀ ਤੇ, ਪਿੱਛੇ ਲੋਕਾਂ ਉੱਤੇ ਬਾਦਸ਼ਾਹ ਹੋਣ ਲਈ ਲਿਆਂਦਾ। ਤਦ ਮਨੱਸ਼ਹ ਜਾਣ ਗਿਆ ਕੀ ਯਹੋਵਾ ਹੀ ਪਰਮੇਸ਼ਵਰ ਹੈ।



ਬਾਦਸ਼ਾਹ ਮਨੱਸ਼ਹ ਇੱਕ ਨਵਾਂ ਮਨੁੱਖ ਸੀ। ਉਸਨੇ ਪਰਮੇਸ਼ਵਰ ਦੇ ਮੰਦਰ ਵਿੱਚੋਂ ਮੂਰਤਾਂ ਨੂੰ ਕੱਢਿਆ ਅਤੇ ਯਰੂਸ਼ਲਮ ਵਿੱਚੋਂ ਸਾਰੇ ਦੂਸਰਿਆਂ ਦੇਵਤਿਆਂ ਨੂੰ ਇਕੱਠਾ ਕੀਤਾ। ਉਸਨੇ ਉਹਨਾਂ ਸਾਰਿਆਂ ਨੂੰ ਸੁੱਟ ਦਿੱਤਾ। ਉਸ ਨੇ ਯਹੋਵਾ ਦੀ ਵੇਦੀ ਬਣਾਈ ਅਤੇ ਧੰਨਵਾਦ ਦੀ ਬਲੀ ਚੜ੍ਹਾਈ।



ਤਦ ਉਸਨੇ ਆਗਿਆ ਦਿੱਤੀ ਕੀ ਉਸਦੇ ਲੋਕ ਇਸਰਾਏਲ ਦੇ ਪਰਮੇਸ਼ਵਰ ਯਹੋਵਾ ਦੀ ਸੇਵਾ ਹੀ ਕਰਨ। ਮਨੱਸ਼ਹ ਵਿੱਚ ਕਿੰਨਾ ਬਦਲਾਵ ਸੀ!



ਜਦ ਮਨੱਸ਼ਹ ਮਰ ਗਿਆ, ਉਸਦਾ ਆਪਣਾ ਪੁੱਤਰ, ਅਮੋਨ ਮੂਰਤੀ ਪੂਜਾ ਵੱਲ ਮੁੜ ਪਿਆ। ਪਰ ਉਸ ਨੇ ਆਪਣੇ ਆਪ ਨੂੰ ਮਨੱਸ਼ਹ ਦੇ ਵਾਂਗੂੰ ਯਹੋਵਾ ਦੇ ਸਾਹਮਣੇ ਨੀਵਾਂ ਨਾ ਕੀਤਾ। ਜਿਵੇਂ ਅਮੋਨ ਪਾਪ ਤੇ ਪਾਪ ਕਰਦਾ ਗਿਆ, ਅੰਤ ਵਿੱਚ ਉਸਦੇ ਆਪਣੇ ਨੋਕਰਾਂ ਨੇ ਉਸਨੂੰ ਉਸਦੇ ਆਪਣੇ ਘਰ ਵਿੱਚ ਮਾਰ ਦਿੱਤਾ। ਉਸਨੇ ਸਿਰਫ਼ ਦੋ ਸਾਲ ਰਾਜ ਕੀਤਾ।



ਅਗਲਾ ਬਾਦਸ਼ਾਹ ਜੋਸ਼ਿਆ ਸਿਰਫ਼
ਅੱਠ ਸਾਲ ਦਾ ਸੀ। ਉਸਨੇ ਇਕੱਤੀ ਸਾਲ
ਰਾਜ ਕੀਤਾ ਅਤੇ ਉਹ ਕੀਤਾ ਜਿਹੜਾ
ਪਰਮੇਸ਼ਵਰ ਦੀ ਨਜ਼ਰ ਵਿੱਚ ਠੀਕ ਸੀ।
ਉਸਨੇ ਸਾਰੇ ਝੂਠੇ ਉਪਾਸਕ ਅਤੇ ਸਾਰੇ
ਝੂਠੇ ਦੇਵਤਿਆਂ ਦਾ ਖਾਤਮਾ ਕਰ ਦਿੱਤਾ।
ਇੱਥੋਂ ਤੱਕ ਜੋਸ਼ਿਆ ਨੇ ਸਾਰੀਆਂ ਮੂਰਤਾਂ
ਨੂੰ ਮਿੱਟੀ ਵਿੱਚ ਮਿਲਾ ਦਿੱਤਾ।



ਚੰਗੇ ਬਾਦਸ਼ਾਹ ਜੋਸ਼ਿਆ ਨੇ ਪਰਮੇਸ਼ਵਰ ਦੇ ਮੰਦਰ ਨੂੰ ਸਾਫ਼ ਅਤੇ ਮੁਰੰਮਤ ਵੀ ਕਰਵਾਇਆ। ਕੂੜ੍ਹੇ ਦੇ ਵਿੱਚੋਂ ਯਾਜਕਾਂ ਨੂੰ ਯਹੋਵਾ ਦੇ ਕਾਨੂੰਨ ਦੀ ਕਿਤਾਬ ਮਿਲੀ ਜੋ ਮੂਸਾ ਦੁਆਰਾ ਦਿੱਤੀ ਗਈ ਸੀ।



ਜਦ ਬਾਦਸ਼ਾਹ ਨੇ ਕਾਨੂੰਨ ਦੇ ਸ਼ਬਦਾਂ ਨੂੰ ਸੁਣਇਆ, ਉਸਨੇ ਦੁੱਖ ਵਿੱਚ ਆਪਣੇ ਕੱਪੜੇ ਪਾੜੇ। ਜੋਸ਼ਿਆ ਜਾਣ ਗਿਆ ਕੀ ਉਸਦੇ ਬਜ਼ੁਰਗਾਂ ਨੇ ਪਰਮੇਸ਼ਵਰ ਦੇ ਹੁਕਮਾਂ ਦੀ ਉਲੰਘਣਾ ਬਹੁਤ ਹੀ ਦੁਸ਼ਟਤਾ ਪੂਰਣ ਤਰੀਕੇ ਨਾਲ ਕੀਤੀ ਹੈ।



ਇੱਕ ਹੁਲਦਾ ਨਾ ਦੇ ਨਬੀ ਨੇ ਪਰਮੇਸ਼ਵਰ ਦਾ ਸੰਦੇਸ਼ ਜੋਸ਼ਿਆ ਨੂੰ ਦਿੱਤਾ।
“ਯਹੋਵਾ ਇਉਂ ਕਹਿੰਦਾਂ ਹੈ, ਵੇਖੋ, ਮੈਂ ਇਸ ਕਿਤਾਬ ਦੇ ਸਾਰੇ ਸ਼ਰਾਪ ਇਸ
ਜੁਗਾ ਤੇ ਲਿਆਵਾਂਗਾ ਕਿਉਂਕਿ ਉਹਨਾਂ ਮੈਨੂੰ ਛੱਡ ਦਿੱਤਾ ਹੈ।’” ਪਰ
ਜੋਸ਼ਿਆ ਇੱਕ ਦੀਨ ਅਤੇ ਆਗਿਆ ਮੰਨਣ ਵਾਲਾ ਹੈ,
ਇਸ ਲਈ ਇਹ ਉਸਦੀ ਮੌਤ ਤੋਂ
ਪਹਿਲਾਂ ਨਹੀ ਹੋਵੇਗਾ।



ਪਰਮੇਸ਼ਵਰ ਨੇ ਜੋਸ਼ਿਆ ਦੀ ਮਦਦ ਕੀਤੀ ਕੇ ਉਹ ਲੋਕਾਂ ਨੂੰ ਵਾਪਸ ਯਹੋਵਾ ਦੇ ਕੋਲ ਲਿਆਵੇ। ਇੱਕ ਦਿਨ, ਜਦ ਉਹ ਆਪਣੀ ਸੈਨਾ ਦੀ ਲੜ੍ਹਾਈ ਵਿੱਚ ਅਗਵਾਈ ਕਰ ਰਿਹਾ ਸੀ, ਜੋਸ਼ਿਆ ਦੁਸ਼ਮਣ ਦੇ ਤੀਰਾਂ ਨਾਲ ਬੁਰੀ ਤ੍ਹਰਾਂ ਜ਼ਖਮੀ ਹੋਗਿਆ। ਉਸਦੇ ਦਾਸ ਉਸਨੂੰ ਘਰ ਵਿੱਚ ਰੱਥ ਤੇ ਪਾ ਕੇ ਯਰੂਸ਼ਲਮ ਨੂੰ ਲਿਆਏ ਜਿੱਥੇ ਉਹ ਮਰ ਗਿਆ। ਉਸਦੇ ਸਾਰੇ ਲੋਕਾਂ ਨੇ ਸੋਗ ਕੀਤਾ, ਅਤੇ ਚੰਗੇ ਬਾਦਸ਼ਾਹ ਜੋਸ਼ਿਆ ਦੇ ਬਾਰੇ ਵਿੱਚ ਗੀਤ ਬਣਾਇਆ।





ਉਸਦੇ ਤੁਰੰਤ ਬਾਅਦ ਬਾਦਸ਼ਾਹਤ ਦਾ ਅੰਤ ਹੋ ਗਿਆ। ਪਰ ਇੱਕ ਦਿਨ ਇੱਕ ਬਾਦਸ਼ਾਹ ਇਸਰਾਏਲ ਉੱਤੇ ਫ਼ਿਰ ਰਾਜ ਕਰੇਗਾ। ਉਸਦਾ ਨਾ ਰਾਜਿਆਂ ਦਾ ਰਾਜਾ ਅਤੇ ਈਸ਼ਵਰਾਂ ਦਾ ਪਰਮੇਸ਼ਵਰ ਹੈ। ਜਦ ਯਿਸੂ ਮਸੀਹ ਪਹਿਲੀ ਵਾਰ ਆਇਆ, ਉਹ ਠੁਕਰਾਇਆ ਗਿਆ ਅਤੇ ਸਲੀਬ ਦਿੱਤਾ ਗਿਆ। ਜਦ ਯਿਸੂ ਮਸੀਹ ਦੁਬਾਰਾ ਆਵੇਗਾ, ਉਹ ਸਿਰਫ਼ ਇਸਰਾਏਲ ਦੇ ਉੱਪਰ ਹੀ ਰਾਜਾ ਨਹੀ ਹੋਵੇਗਾ, ਪਰ ਸਾਰੀ ਧਰਤੀ ਉੱਤੇ ਹੋਵੇਗਾ।

ਚੰਗੇ ਰਾਜੇ, ਬੁਰੇ ਰਾਜੇ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

2 ਇਤਿਹਾਸ ਦੀ ਕਿਤਾਬ 33-36

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ਼ ਅਤੇ ਰੋ਼ਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16